Baani MILK PRODUCER COMPANY

# ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ

**(CIN : U01403PB2014PTC038826)**

ਰਜਿ. ਆਫਿਸ : ਐਸ.ਸੀ.ਓ. ਨੰ. 37 ਤੇ 38, ਅਰਬਨ ਅਸਟੇਟ, ਫੇਜ਼-2, ਰਾਜਪੁਰਾ ਰੋਡ, ਪਟਿਆਲਾ - 147002

ਟੈਲੀਫੋਨ -0175-5000735, ਈ-ਮੇਲ: info@baanimilk.com, ਵੈਬਸਾਈਟ: www.baanimilk.com

ਪੱਤਰ ਨੰ.: ਬਾਣੀ/ਕ.ਸ/2020/056

## ਬੋਰਡ ਦੇ ਸੰਚਾਲਕਾਂ ਦੀ ਨਾਮਜ਼ਦਗੀ ਦਾ ਸੱਦਾ ਦੇਣ ਲਈ ਸੂਚਨਾ ਪੱਤਰ

ਹੇਠ ਲਿਖੇ ਅਨੁਸਾਰ ਕੰਪਨੀ ਦੀ ਅਗਲੀ ਸੱਤਵੀਂ ਸਲਾਨਾ ਆਮ ਸਭਾ ਵਿੱਚ ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ (ਕੰਪਨੀ) ਦੇ ਬੋਰਡ ਵਿੱਚ ਸੰਚਾਲਕਾਂ ਦੇ ਖਾਲੀ ਹੋਏ ਪੱਦ ਨੂੰ ਭਰਨ ਲਈ ਨਾਮਜ਼ਦਗੀ ਕਮੇਟੀ ਦੁਆਰਾ ਵਿਚਾਰ ਕਰਨ ਲਈ ਕੰਪਨੀ ਦੇ ਯੋਗ ਮੈਂਬਰਾਂ ਨੂੰ ਨਾਮਜ਼ਦਗੀ ਲਈ ਸੱਦਾ ਦੇਣ ਲਈ ਸੂਚਨਾ ਪੱਤਰ ਦਿੱਤਾ ਜਾਂਦਾ ਹੈ:

| ਮੈਂਬਰ ਦੀ ਕਲਾਸ | ਖਾਲੀ ਹੋਏ ਪੱਦ ਦੀ ਗਿਣਤੀ |
|---|---|
| ਏ | 2 |
| ਬੀ | 1 |
| ਸੀ | 1 |

ਜੋ ਯੋਗ ਮੈਂਬਰ ਅਰਜ਼ੀ ਦੇਣ ਲਈ ਦਿਲਚਸਪੀ ਰੱਖਦੇ ਹਨ ਉਹ ਨਾਮਜ਼ਦਗੀ ਫਾਰਮ ਅਤੇ ਨਾਲ ਨੱਥੀ ਕਿਤੇ ਸਾਰੇ ਸੰਦਰਭਾਂ ਨੂੰ ਪੂਰੀ ਤਰ੍ਹਾਂ ਭਰ ਕੇ ਅਤੇ ਦਸਤਖਤ ਕਰ ਕੇ ਆਪਣੀ ਅਰਜ਼ੀ ਕੰਪਨੀ ਸੈਕਟਰੀ ਦੇ ਕੋਲ ਦਸਤੀ/ ਰਜਿਸਟਰਡ ਡਾਕ/ ਕੋਰਿਅਰ/ ਇਲੈਕਟ੍ਰਾਨਿਕ ਸਾਧਨ ਰਾਹੀਂ ਮਿਤੀ 30.06.2020 ਨੂੰ ਜਾਂ ਉਸ ਤੋਂ ਪਹਿਲਾਂ ਜਮ੍ਹਾਂ ਕਰਵਾਉਣ।

ਨਾਮਜ਼ਦਗੀ ਫਾਰਮ ਨੂੰ ਨਿਜੀ ਤੌਰ ਤੇ ਕੰਪਨੀ ਦੇ ਰਜਿਸਟਰਡ ਆਫਿਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨਾਮਜ਼ਦਗੀ ਫਾਰਮ ਨੂੰ ਕੰਪਨੀ ਦੀ ਵੈਬਸਾਈਟ ਦੇ https://www.baanimilk.com/forms/Nomination_Form.pdf ਲਿੰਕ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਪਰ ਇਹ ਧਿਆਨ ਦਵੋ ਕਿ ਉਪਰੋਕਤ ਫਾਰਮ ਕੰਪਨੀ ਦੀ ਵੈਬਸਾਇਟ ਤੋਂ ਡਾਊਨਲੋਡ ਕਰਨ ਤੋਂ ਬਾਅਦ ਸਬੰਧਤ ਮੈਂਬਰ ਹੇਠ ਦਰਸਾਏ ਮੋਬਾਇਲ ਨੰਬਰ ਤੇ ਸੰਪਰਕ ਕਰੇਗਾ ਤੇ ਆਪਣੇ ਨਾਮਜ਼ਦਗੀ ਫਾਰਮ ਦਾ ਵਿਲੱਖਣ ਨੰਬਰ (Unique Number) ਪ੍ਰਾਪਤ ਕਰੇਗਾ:

| ਨਾਮ | ਪੱਦ | ਮੋਬਾਇਲ ਨੰ. |
|---|---|---|
| ਰਾਜੇਸ਼ ਸੈਣੀ | ਕੰਪਨੀ ਸੱਕਤਰ | 8725024702 |

**ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਉਪਰੋਕਤ ਵਿਲੱਖਣ ਨੰਬਰ (Unique Number) ਮੈਂਬਰ ਆਪਣੇ ਨਾਮਜ਼ਦਗੀ ਫਾਰਮ ਦੇ ਸਭ ਤੋਂ ਉਪਰ ਲਿਖੇਗਾ ਅਤੇ ਇਸ ਦੀ ਗੈਰ ਮੌਜੂਦਗੀ ਤੇ ਨਾਮਜ਼ਦਗੀ ਫਾਰਮ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।** ਕਿਸੇ ਹੋਰ ਸਪਸ਼ਟੀਕਰਨ ਲਈ, ਕ੍ਰਿਪਾ ਕਰਕੇ ਕੰਪਨੀ ਸੈਕਟਰੀ ਨਾਲ ਉਪਰੋਕਤ ਦਰਸਾਏ ਟੈਲੀਫੋਨ ਨੰਬਰ/ ਮੋਬਾਇਲ ਨੰਬਰ ਤੇ ਸੰਪਰਕ ਕਰੋ।

ਕੰਪਨੀ ਐਕਟ ਦੇ ਪ੍ਰਬੰਧਾ ਅਨੁਸਾਰ, ਬੋਰਡ ਦੁਆਰਾ ਸਮੇਂ ਸਿਰ ਫੈਸਲੇ ਲਿੱਤੇ ਜਾਣ ਤੇ ਕੰਪਨੀ ਦੇ ਮੈਂਬਰਾਂ ਨੂੰ ਕੰਪਨੀ ਦੀ ਸੱਤਵੀਂ ਸਲਾਨਾ ਆਮ ਸਭਾ ਵਿੱਚ ਬੁਲਾਉਣ ਦਾ ਨੋਟਿਸ ਸਾਰੇ ਜ਼ਰੂਰੀ ਦਸਤਾਵੇਜ਼ਾਂ ਨਾਲ ਭੇਜੀਆ ਜਾਵੇਗਾ।

ਬਾਣੀ ਮਿਲਕ ਪ੍ਰੋਡਿਊਸਰ ਕੰਪਨੀ ਲਿਮਟਿਡ ਦੇ
ਬੋਰਡ ਦੇ ਸੰਚਾਲਕਾਂ ਤੇ ਆਦੇਸ਼ ਅਨੁਸਾਰ

Saini
ਕੰਪਨੀ ਸੱਕਤਰ

ਮਿਤੀ: 15.06.2020
ਸਥਾਨ: ਪਟਿਆਲਾ

**ਨਾਮਜ਼ਦਗੀ ਫਾਰਮ ਭਰਨ ਸੰਬੰਧੀ ਜ਼ਰੂਰੀ ਨਿਯਮ ਅਤੇ ਸ਼ਰਤਾਂ:-**

1) ਬਾਣੀ ਕੰਪਨੀ ਦਾ ਮੈਂਬਰ ਹੀ ਅਰਜ਼ੀ ਧਾਰਕ ਹੋ ਸਕਦਾ ਹੈ। ਅਰਜ਼ੀ ਧਾਰਕ ਜਿਸ ਕਲਾਸ ਲਈ ਅਰਜ਼ੀ ਦੇ ਰਿਹਾ ਹੈ, ਉਹ ਉਸ ਕਲਾਸ ਵਿੱਚ ਪਿਛਲੇ 2 (ਦੋ) ਸਾਲ ਤੋਂ ਮੈਂਬਰ ਰਿਹਾ ਹੋਵੇ।
2) ਅਰਜ਼ੀ ਧਾਰਕ ਕੰਪਨੀ ਦੇ ਮੇਮੋਰੈਂਡਮ ਐਂਡ ਆਰਟਿਕਲ ਆਫ ਐਸੋਸ਼ਿਏਸ਼ਨ 9.6 (iii) ਅਤੇ 9.16 ਦੇ ਪ੍ਰਬੰਧਾ ਨੂੰ ਪੂਰਾ ਕਰਦਾ ਹੋਵੇ।
3) ਅਰਜ਼ੀ ਧਾਰਕ ਦੀ ਉਮੀਦਵਾਰੀ ਨੂੰ, ਘੱਟ ਤੋਂ ਘੱਟ 10 ਐਮਪੀਪੀ ਦੇ 25 ਇੱਕੋ ਕਲਾਸ ਦੇ ਮੈਂਬਰਾਂ (ਜੋ 7th ਸਲਾਨਾ ਆਮ ਸਭਾ ਵਿੱਚ ਵੋਟ ਕਰਨ ਲਈ ਯੋਗ ਹਨ) ਦੁਆਰਾ ਹੋਣੀ ਚਾਹਿਦੀ ਹੈ।
4) ਅਰਜ਼ੀ ਧਾਰਕ ਕੋਲ ਪੈਨ ਕਾਰਡ ਹੋਣਾ ਜ਼ਰੂਰੀ ਹੈ।
5) ਅਰਜ਼ੀ ਧਾਰਕ ਨੂੰ ਕੰਪਨੀ ਦੇ ਬੋਰਡ ਦੁਆਰਾ ਨਿਰਧਾਰਤ ਪੱਤਰ ਦੇ ਨਾਲ ਸਵੈ-ਘੋਸ਼ਣਾ ਦੇਣੀ ਹੋਵੇਗੀ। ਨਾਲ ਹੀ ਸਾਰੇ ਜ਼ਰੂਰੀ ਦਸਤਾਵੇਜ਼ (ਜਿਵੇਂ ਕਿ ਉਮਰ, ਵਿਦਿਅਕ ਯੋਗਤਾ, ਪਤਾ/ਪਹਿਚਾਨ ਪੱਤਰ, ਪੈਨ ਕਾਰਡ, ਸਰਟੀਫਿਕੇਟ ਦੀ ਕਾਪੀ ਆਦਿ) ਨਿੱਜੀ ਤੋਰ ਤੋਂ ਕੰਪਨੀ ਵਿੱਚ ਜਮ੍ਹਾਂ ਕਰਵਾਉਣਾ ਪਵੇਗਾ।
6) ਕੰਪਨੀ ਦੁਆਰਾ ਅਰਜ਼ੀ ਧਾਰਕ ਨੂੰ ਸੂਚਨਾ ਦੇਣ ਤੇ ਉਸ ਨੂੰ ਨਾਮਜ਼ਦਗੀ ਕਮੇਟੀ ਦੇ ਸਾਹਮਣੇ ਮਿਥੇ ਸਮੇਂ ਅਤੇ ਤਰੀਖ ਤੇ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ। ਉਮੀਦਵਾਰ ਦੀ ਇੰਟਰਵਿਊ ਕੰਪਨੀ ਵਿੱਚ ਉਸਨੂ ਬੁਲਾ ਕੇ/ ਵੀਡੀਓ ਕਾਨਫਰੰਸਿੰਗ ਰਾਹੀਂ/ ਹੋਰ ਆਡੀਓ ਵੀਡੀਓ ਸਾਧਨ ਰਾਹੀਂ ਕੀਤੀ ਜਾ ਸਕਦੀ ਹੈ।
7) ਅਰਜ਼ੀ ਧਾਰਕ ਦੁਆਰਾ ਨਾਮਜ਼ਦਗੀ ਮਿਤੀ 02.07.2020 ਤੋਂ ਪਹਿਲਾ ਵਾਪਸ ਲੈ ਸਕਦਾ ਹੈ।